# ਲਿੰਗ

ਤੁਸੀਂ ਨਾਂਵ ਦੀਆਂ ਅਰਥ ਪੱਖੋਂ ਸ਼੍ਰੇਣੀਆਂ ਬਾਰੇ ਪੜ੍ਹਿਆ ਹੈ । ਹੁਣ ਤੁਸੀਂ ਨਾਂਵ ਦੇ ਲਿੰਗ, ਵਚਨ ਅਤੇ ਕਾਰਕ-ਰੂਪਾਂ ਬਾਰੇ ਜਾਣਕਾਰੀ ਹਾਸਲ ਕਰੋਗੇ ।

ਨਾਂਵ ਦੇ ਜਿਸ ਰੂਪ ਤੋਂ ਜ਼ਨਾਨੇ ਅਤੇ ਮਰਦਾਵੇਂ ਭੇਦ ਦਾ ਪਤਾ ਲਗਦਾ ਹੈ ਵਿਆਕਰਨ ਵਿੱਚ ਉਸ ਨੂੰ ਲਿੰਗ ਕਿਹਾ ਜਾਂਦਾ ਹੈ । ਪੰਜਾਬੀ ਵਿੱਚ ਦੋ ਪ੍ਰਕਾਰ ਦੇ ਲਿੰਗ ਸ਼ਬਦ ਹਨ – ਪੁਲਿੰਗ ਅਤੇ ਇਸਤਰੀ ਲਿੰਗ, ਜਿਵੇਂ : ਘੋੜਾ, ਹਾਥੀ, ਕੁੱਤਾ, ਲੁਹਾਰ, ਕੰਘਾ, ਬੇਟਾ ਪੁਲਿੰਗ ਸ਼ਬਦ ਹਨ ਅਤੇ ਘੋੜੀ, ਹਥਨੀ, ਕੁੱਤੀ, ਲੁਹਾਰਨ, ਕੰਘੀ, ਬੇਟੀ ਇਸਤਰੀ ਲਿੰਗ ਸ਼ਬਦ ਹਨ ।

ਜੀਵਾਂ ਵਿੱਚ ਨਰ ਅਤੇ ਮਾਦਾ ਦਾ ਜੋ ਭੇਦ ਪਾਇਆ ਜਾਂਦਾ ਹੈ ਉਸ ਦਾ ਵਿਆਕਰਨ ਦੇ ਲਿੰਗ ਭੇਦ ਨਾਲ਼ ਬਿਲਕੁਲ ਸਿੱਧਾ ਸੰਬੰਧ ਨਹੀਂ ਹੈ। ਭਾਵੇਂ ਲਿੰਗ-ਭੇਦ ਜੀਵਾਂ ਦੇ ਨਰ ਅਤੇ ਮਾਦਾ ਦੇ ਫ਼ਰਕ ਤੋਂ ਹੀ ਸ਼ੁਰੂ ਹੋਇਆ ਹੈ ਪਰ ਹੁਣ ਇਹ ਭੇਦ ਕੇਵਲ ਜੀਵਾਂ ਤੱਕ ਹੀ ਸੀਮਿਤ ਨਹੀਂ। ਵਿਆਕਰਨ ਅਨੁਸਾਰ ਨਿਰਜੀਵ ਵਸਤਾਂ ਵੀ ਪੁਲਿੰਗ ਅਤੇ ਇਸਤਰੀ-ਲਿੰਗ ਦੀ ਵੰਡ ਵਿੱਚ ਆਉਂਦੀਆਂ ਹਨ। ਇਸੇ ਤਰ੍ਹਾਂ ਜਿਹੜੇ ਸ਼ਬਦਾਂ ਨੂੰ ਅਸੀਂ ਪੁਲਿੰਗ ਜਾਂ ਇਸਤਰੀ-ਲਿੰਗ ਕਹਿੰਦੇ ਹਾਂ ਇਹ ਜ਼ਰੂਰੀ ਨਹੀਂ ਕਿ ਉਹ ਕੇਵਲ ਨਰ ਜਾਂ ਮਾਦਾ ਲਈ ਹੀ ਵਰਤੇ ਜਾਣ ਜਿਵੇਂ ਸਵਾਰੀ ਸ਼ਬਦ ਇਸਤਰੀ-ਲਿੰਗ ਹੈ ਪਰ ਸਵਾਰੀ ਮਰਦ ਵੀ ਹੋ ਸਕਦਾ ਹੈ ।

ਪੰਜਾਬੀ ਵਿੱਚ ਪੁਲਿੰਗ ਤੋਂ ਇਸਤਰੀ-ਲਿੰਗ ਬਣਾਉਣ ਦੇ ਕੁਝ ਮੁੱਖ ਨਿਯਮ ਹੇਠ ਦਿੱਤੇ ਗਏ ਹਨ :

1. ਜਿਹੜੇ ਪੁਲਿੰਗ ਸ਼ਬਦ ਦੇ ਅੰਤ ਵਿੱਚ ਮੁਕਤਾ ਹੁੰਦਾ ਹੈ ਉਸ ਸ਼ਬਦ ਦਾ ਇਸਤਰੀ-ਲਿੰਗ ਰੂਪ ਹੇਠ ਲਿਖੇ ਅਨੁਸਾਰ ਬਣਦਾ ਹੈ

(ੳ) ਅੰਤ ਵਿੱਚ ਬਿਹਾਰੀ ਲਾ ਕੇ :

| ਪੁਲਿੰਗ | ਇਸਤਰੀ-ਲਿੰਗ |
|---|---|
| ਹਿਰਨ | ਹਿਰਨੀ |
| ਕੁੱਕੜ | ਕੁੱਕੜੀ |
| ਜੱਟ | ਜੱਟੀ |
| ਘੁਮਿਆਰ | ਘੁਮਿਆਰੀ |
| ਪੁੱਤਰ | ਪੁੱਤਰੀ |
| ਬਾਂਦਰ | ਬਾਂਦਰੀ |





(ਅ) ਅੰਤ ਕੰਨਾ (ਾ) ਲਾਕੇ

| | |
|---|---|
| ਅਧਿਆਪਕ | ਅਧਿਆਪਕਾ |
| ਸੇਵਕ | ਸੇਵਕਾ |
| ਨਾਇਕ | ਨਾਇਕਾ |

(ੲ) ਅੰਤ 'ਣੀ' ਲਾ ਕੇ

| | |
|---|---|
| ਉਸਤਾਦ | ਉਸਤਾਦਣੀ |
| ਸੰਤ | ਸੰਤਣੀ |
| ਸ਼ੀਂਹ | ਸ਼ੀਂਹਣੀ |
| ਕੁੜਮ | ਕੁੜਮਣੀ |
| ਰਾਗ | ਰਾਗਣੀ |

(ਸ) ਅੰਤ 'ਨੀ' ਲਾ ਕੇ

| | |
|---|---|
| ਸਰਦਾਰ | ਸਰਦਾਰਨੀ |
| ਸ਼ੇਰ | ਸ਼ੇਰਨੀ |
| ਕਾਰੀਗਰ | ਕਾਰੀਗਰਨੀ |
| ਫ਼ਕੀਰ | ਫ਼ਕੀਰਨੀ |
| ਮੋਰ | ਮੋਰਨੀ. |

(ਹ) ਅੰਤ 'ਕੰਨਾ' ਅਤੇ 'ਣੀ' ਲਾ ਕੇ

| | |
|---|---|
| ਸੇਠ | ਸੇਠਾਣੀ |
| ਜੇਠ | ਜੇਠਾਣੀ |
| ਨੌਕਰ | ਨੌਕਰਾਣੀ |
| ਪੰਡਤ | ਪੰਡਤਾਣੀ |
| ਮਿਸ਼ਰ | ਮਿਸ਼ਰਾਣੀ |
| ਮੁਗ਼ਲ | ਮੁਗ਼ਲਾਣੀ |

(ਕ) ਅੰਤ 'ੜੀ' ਲਾ ਕੇ

| | |
|---|---|
| ਸੰਦੂਕ | ਸੰਦੂਕੜੀ |
| ਬਾਲ | ਬਾਲੜੀ |

Scanned with CamScanner

2. ਜਿਹੜੇ ਪੁਲਿੰਗ ਸ਼ਬਦਾਂ ਦੇ ਅੰਤ ਵਿੱਚ ਬਿਹਾਰੀ ਆਉਂਦੀ ਹੈ ਉਹਨਾਂ ਦ
ਇਸਤਰੀ-ਲਿੰਗ ਰੂਪ ਬਣਾਉਣ ਲਈ ਹੇਠ ਲਿਖੀਆਂ ਵਿੱਚੋਂ ਕੋਈ ਵਿਧ
ਵਰਤੀ ਜਾਂਦੀ ਹੈ :

(ੳ) ਬਿਹਾਰੀ ਦੀ ਥਾਂ 'ਨ' ਲਾ ਕੇ

| | |
|---|---|
| ਹਾਣੀ | ਹਾਣਨ |
| ਖਿਡਾਰੀ | ਖਿਡਾਰਨ |
| ਪਟਵਾਰੀ | ਪਟਵਾਰਨ |

(ਅ) ਬਿਹਾਰੀ ਦੀ ਥਾਂ 'ਣ' ਲਾ ਕੇ

| | |
|---|---|
| ਸਾਥੀ | ਸਾਥਣ |
| ਗਿਆਨੀ | ਗਿਆਨਣ |
| ਗੁਆਂਢੀ | ਗੁਆਂਢਣ |
| ਤੇਲੀ | ਤੇਲਣ |

(ੲ) ਅੰਤ ਬਿਹਾਰੀ ਦੀ ਥਾਂ ਉਸੇ ਅੱਖਰ ਨੂੰ ਸਿਹਾਰੀ ਲਾ ਕੇ ਅਤੇ ਨਾਲ਼ 'ਣ' ਲਾ

| | |
|---|---|
| ਸ਼ੁਦਾਈ | ਸ਼ੁਦਾਇਣ |
| ਹਲਵਾਈ | ਹਲਵਾਇਣ |
| ਨਾਈ | ਨਾਇਣ |

3. ਜਿਹੜੇ ਪੁਲਿੰਗ ਸ਼ਬਦਾਂ ਦੇ ਅੰਤ ਉੱਤੇ ਕੰਨਾ ਆਉਂਦਾ ਹੈ ਉਹਨਾਂ ਦਾ ਇਸਤਰ
ਲਿੰਗ ਰੂਪ ਬਣਾਉਣ ਲਈ ਹੇਠ ਲਿਖੀਆਂ ਵਿੱਚੋਂ ਕੋਈ ਵਿਧੀ ਵਰਤੀ ਜਾਂਦੀ ਹੈ

(ੳ) ਕੰਨੇ ਦੀ ਥਾਂ 'ਬਿਹਾਰੀ' ਲਾ ਕੇ :

| | |
|---|---|
| ਸੋਟਾ | ਸੋਟੀ |
| ਖੁਰਪਾ | ਖੁਰਪੀ |
| ਚਾਚਾ | ਚਾਚੀ |
| ਚਰਖਾ | ਚਰਖੀ |
| ਦਾਦਾ | ਦਾਦੀ |

(ਅ) ਕੰਨੇ ਦੀ ਥਾਂ 'ਨ' ਲਾ ਕੇ

| | |
|---|---|
| ਸਪੇਰਾ | ਸਪੇਰਨ |
| ਲੁਟੇਰਾ | ਲੁਟੇਰਨ |



(ੲ) ਜਿਹੜੇ ਪੁਲਿੰਗ ਸ਼ਬਦਾਂ ਦੇ ਅੰਤਲੇ ਅੱਖਰ ਤੋਂ ਪਹਿਲੇ ਅੱਖਰ ਨੂੰ ਬਿਹਾਰੀ ਅਤੇ ਅੰਤਲੇ 'ਅ' ਅੱਖਰ ਨੂੰ ਕੰਨਾ ਭਾਵ 'ਈਆ', ਆਉਂਦਾ ਹੈ ਉਹਨਾਂ ਦਾ ਇਸਤਰੀ-ਲਿੰਗ ਰੂਪ 'ਈਆ' ਦੀ ਥਾਂ 'ਨ' ਜਾਂ 'ਣ' ਲਾ ਕੇ ਬਣਦਾ ਹੈ :

| | |
|---|---|
| ਪਹਾੜੀਆ | ਪਹਾੜਨ |
| ਦੁਆਬੀਆ | ਦੁਆਬਣ |
| ਪੋਠੋਹਾਰੀਆ | ਪੋਠੋਹਾਰਨ |

ਮਨੁੱਖੀ-ਸੰਬੰਧਾਂ ਲਈ ਵਰਤੇ ਜਾਣ ਵਾਲ਼ੇ ਸ਼ਬਦਾਂ ਦਾ ਪੁਲਿੰਗ ਤੋਂ ਇਸਤਰੀ-ਲਿੰਗ ਰੂਪ-ਪਰਿਵਰਤਨ ਕੁਝ ਗੁੰਝਲ਼ਦਾਰ ਹੈ ਜਿਵੇਂ :

| ਪੁਲਿੰਗ | ਇਸਤਰੀ-ਲਿੰਗ | ਪੁਲਿੰਗ | ਇਸਤਰੀ-ਲਿੰਗ |
|---|---|---|---|
| ਪਿਤਾ | ਮਾਤਾ | ਨਾਨਾ | ਨਾਨੀ |
| ਪਿਓ | ਮਾਂ | ਪੋਤਾ (ਪੋਤਰਾ) | ਪੋਤੀ (ਪੋਤਰੀ) |
| ਬਾਪੂ | ਬੇਬੇ | ਭਤੀਜਾ | ਭਤੀਜੀ |
| ਭਾਣਜਾ (ਭਣੇਵਾਂ) | | ਭਾਣਜੀ (ਭਣੇਵੀ) | |
| ਮਾਸੜ | ਮਾਸੀ | ਚਾਚਾ | ਚਾਚੀ |
| ਮਾਮਾ | ਮਾਮੀ | ਬਾਬਾ | ਅੰਮਾ, ਬੇਬੇ |
| ਦਾਦਾ | ਦਾਦੀ | ਤਾਇਆ | ਤਾਈ |

ਮਨੁੱਖੀ-ਰਿਸ਼ਤਿਆਂ ਨਾਲ਼ ਸੰਬੰਧਿਤ ਕੁਝ ਸ਼ਬਦ ਅਜਿਹੇ ਹਨ ਜਿਨ੍ਹਾਂ ਦਾ ਪੁਲਿੰਗ ਤੋਂ ਇਸਤਰੀ-ਲਿੰਗ ਰੂਪਾਂਤਰ ਕਿਸੇ ਨਿਯਮ ਵਿੱਚ ਨਹੀਂ ਆਉਂਦਾ। ਇਹਨਾਂ ਨੂੰ ਅਸੀਂ ਫੁਟਕਲ ਕਹਿ ਸਕਦੇ ਹਾਂ, ਜਿਵੇਂ :

| ਪੁਲਿੰਗ | ਇਸਤਰੀ-ਲਿੰਗ | ਪੁਲਿੰਗ | ਇਸਤਰੀ-ਲਿੰਗ |
|---|---|---|---|
| ਮਰਦ | ਤੀਵੀਂ | ਪੁਰਖ | ਇਸਤਰੀ |
| ਆਦਮੀ | ਜ਼ਨਾਨੀ | ਮੁੰਡਾ | ਕੁੜੀ |
| ਗੱਭਰੂ | ਮੁਟਿਆਰ | ਰਾਜਾ | ਰਾਣੀ |
| ਮਿੱਤਰ | ਸਹੇਲੀ | ਬੱਚਾ | ਬੱਚੀ |

ਆਮ ਤੌਰ 'ਤੇ ਵੱਡੇ ਆਕਾਰ ਦੀ ਵਸਤੂ ਲਈ ਵਰਤੇ ਜਾਣ ਵਾਲ਼ੇ ਸ਼ਬਦ ਪੁਲਿੰਗ ਅਤੇ ਛੋਟੇ ਆਕਾਰ ਦੀ ਵਸਤੂ ਲਈ ਵਰਤੇ ਜਾਣ ਵਾਲ਼ੇ ਸ਼ਬਦ ਇਸਤਰੀ-ਲਿੰਗ ਹੁੰਦੇ ਹਨ, ਜਿਵੇਂ :

Scanned with CamScanner

| | | | |
|---|---|---|---|
| ਆਰਾ | ਆਰੀ | ਪਹਾੜ | ਪਹਾੜੀ |
| ਸੰਦੂਕ | ਸੰਦੂਕੜੀ | ਪੱਖਾ | ਪੱਖੀ |
| ਖੁਰਪਾ | ਖੁਰਪੀ | ਪਤੀਲਾ | ਪਤੀਲੀ |
| ਘੜਾ | ਘੜੀ | ਬਾਟਾਂ | ਬਾਂਟੀ |
| ਛੁਰਾ | ਛੁਰੀ | ਭੱਠਾ | ਭੱਠੀ |
| ਡੱਬਾ | ਡੱਬੀ | ਰੰਬਾ | ਰੰਬੀ |

**ਨੋਟ** : ਕਈ ਵਾਰੀ ਇਸ ਨਿਯਮ ਤੋਂ ਉਲਟ ਵੀ ਪੁਲਿੰਗ ਅਤੇ ਇਸਤਰੀ-ਲਿੰਗ ਰੂਪ ਬਣਦੇ ਹਨ, ਜਿਵੇਂ : 'ਕੋਠਾ' ਸ਼ਬਦ ਦਾ ਇਸਤਰੀ-ਲਿੰਗ ਰੂਪ 'ਕੋਠੀ' ਹੈ। ਭਾਵੇਂ ਪਹਿਲਾਂ 'ਕੋਠੀ' 'ਕੋਠੇ' ਦਾ ਛੋਟਾ ਰੂਪ ਹੁੰਦਾ ਸੀ ਪਰ ਅੱਜ-ਕਲ੍ਹ ਜਿਹੜੀ ਇਮਾਰਤ ਲਈ 'ਕੋਠੀ' ਸ਼ਬਦ ਦੀ ਵਰਤੋਂ ਹੁੰਦੀ ਹੈ ਉਹ 'ਕੋਠੇ' ਤੋਂ ਕਿਤੇ ਵੱਡੀ ਹੁੰਦੀ ਹੈ । ਇਵੇਂ ਹੀ ਗੱਡੇ ਦਾ ਇਸਤਰੀ-ਲਿੰਗ 'ਗੱਡੀ' ਹੈ ਜੋ ਕਿਸੇ ਸਮੇਂ 'ਗੱਡੇ' ਦਾ ਛੋਟਾ ਰੂਪ ਸੀ ਪਰ ਅੱਜ-ਕੱਲ੍ਹ 'ਗੱਡੀ' (ਰੇਲ-ਗੱਡੀ) 'ਗੱਡੇ' ਤੋਂ ਕਿਤੇ ਵੱਡੀ ਹੁੰਦੀ ਹੈ । ਕਈ ਵਾਰੀ ਤਾਂ ਪੁਲਿੰਗ ਸ਼ਬਦ ਵਾਲੀ ਵਸਤੂ ਸਗੋਂ ਛੋਟੀ ਹੁੰਦੀ ਹੈ ਜਿਵੇਂ: 'ਕਿਤਾਬ' ਦਾ ਪੁਲਿੰਗ 'ਕਿਤਾਬਚਾ' ਹੈ ਜੋ 'ਕਿਤਾਬ' ਤੋਂ ਛੋਟਾ ਹੁੰਦਾ ਹੈ ।

ਮੁੱਖ ਤੌਰ 'ਤੇ ਆਕਾਰ ਵਿੱਚ ਵੱਡੀਆਂ ਤੇ ਗੁਣ ਵਿੱਚ ਨਿੱਗਰ ਅਤੇ ਕਠੋਰ ਵਸਤਾਂ ਲਈ ਵਰਤੇ ਜਾਂਦੇ ਸ਼ਬਦ ਪੁਲਿੰਗ ਹੁੰਦੇ ਹਨ ਅਤੇ ਆਕਾਰ ਵਿੱਚ ਛੋਟੀਆਂ ਤੇ ਗੁਣਾਂ ਵਿੱਚ ਕੋਮਲ ਤੇ ਹਲਕੀਆਂ ਵਸਤਾਂ ਲਈ ਵਰਤੇ ਜਾਂਦੇ ਸ਼ਬਦ ਇਸਤਰੀ-ਲਿੰਗ ਹੁੰਦੇ ਹਨ ।

ਨਿਰਜੀਵ ਵਸਤੂਆਂ ਜਾਂ ਭਾਵਾਂ ਲਈ ਵਰਤੇ ਜਾਂਦੇ ਕੁਝ ਸ਼ਬਦ ਅਜਿਹੇ ਹਨ ਜਿਨ੍ਹਾਂ ਦਾ ਵਿਰੋਧੀ ਲਿੰਗ ਰੂਪ ਵਾਲਾ ਕੋਈ ਸ਼ਬਦ ਨਹੀਂ ਮਿਲ਼ਦਾ । ਉਦਾਹਰਨ ਲਈ ਅਸਮਾਨ, ਅਨਾਜ, ਦਰਖ਼ਤ, ਦਰਿਆ, ਸੂਰਜ, ਚੰਨ, ਮੇਜ਼, ਸਮੁੰਦਰ, ਪਾਣੀ, ਲੋਹਾ, ਕਾਗ਼ਜ਼, ਸੋਨਾ, ਸ਼ੀਸ਼ਾ, ਹੰਕਾਰ, ਕਲੇਸ਼, ਨਰਕ ਪੁਲਿੰਗ ਸ਼ਬਦ ਹਨ । ਇਸੇ ਤਰ੍ਹਾਂ ਧਰਤੀ, ਹਵਾ, ਚਾਂਦੀ, ਕਲਮ, ਸਿਆਹੀ, ਕੁਰਸੀ, ਨੇਕੀ, ਮਿਹਨਤ, ਚੰਗਿਆਈ, ਹਿੰਮਤ, ਆਦਤ ਆਦਿ ਇਸਤਰੀ-ਲਿੰਗ ਸ਼ਬਦ ਹਨ ।

ਕੁਝ ਸ਼ਬਦ ਅਜਿਹੇ ਹਨ ਜੋ ਇੱਕ ਅਰਥ ਵਿੱਚ ਪੁਲਿੰਗ ਹੁੰਦੇ ਹਨ ਕਿਸੇ ਹੋਰ ਅਰਥ ਵਿੱਚ ਇਸਤਰੀ-ਲਿੰਗ, ਜਿਵੇਂ :

| | |
|---|---|
| ਹਾਰ (ਪੁਲਿੰਗ) | ਫੁੱਲਾਂ ਦੇ ਹਾਰ ਹੀ ਸੋਹਣੇ ਲਗਦੇ ਹਨ । |
| ਹਾਰ (ਇਸਤਰੀ-ਲਿੰਗ) | ਜੀਵਨ ਦੀ ਖੇਡ ਵਿੱਚ ਹਾਰ-ਜਿੱਤ ਮੁੱਢੋਂ ਹੀ ਬਣੀ ਹੋਈ ਹੈ । |
| ਵੰਡ (ਪੁਲਿੰਗ) | ਵੰਡ ਮਹਿੰਗਾ ਹੈ ਇਸ ਲਈ ਦੁੱਧ ਮਹਿੰਗਾ ਹੈ। |



| | |
|---|---|
| ਵੰਡ (ਇਸਤਰੀ-ਲਿੰਗ) | 1947 ਵਿੱਚ ਸਾਡੇ ਦੇਸ ਦੀ ਵੰਡ ਹੋਈ । |
| ਵੱਟ (ਪੁਲਿੰਗ) | ਤੈਨੂੰ ਤਾਂ ਨਿੱਕੀ ਜਿਹੀ ਗੱਲ ਤੇ ਵੱਟ ਚੜ੍ਹ ਜਾਂਦਾ ਹੈ। |
| ਵੱਟ (ਇਸਤਰੀ-ਲਿੰਗ) | ਖੇਤ ਦੀ ਵੱਟ ਇਤਨੀ ਪਤਲੀ ਹੈ ਕਿ ਉਸ ਉੱਤੇ ਤੁਰਿਆ ਵੀ ਨਹੀਂ ਜਾਂਦਾ । |

ਕੁਝ ਸ਼ਬਦ ਅਜਿਹੇ ਵੀ ਹਨ ਜਿਨ੍ਹਾਂ ਨੂੰ ਕੁਝ ਲੋਕ ਪੁਲਿੰਗ ਸ਼੍ਰੇਣੀ ਵਿੱਚ ਰਖਦੇ ਹਨ ਤੇ ਕੁਝ ਲੋਕ ਇਸਤਰੀ-ਲਿੰਗ ਸ਼੍ਰੇਣੀ ਵਿੱਚ, ਜਿਵੇਂ :

| | |
|---|---|
| ਅਖ਼ਬਾਰ | ਕੀ ਅਜੇ **ਅਖ਼ਬਾਰ** ਨਹੀਂ ਆਇਆ ? (ਪੁਲਿੰਗ) |
| | ਕੀ ਅਜੇ **ਅਖ਼ਬਾਰ** ਨਹੀਂ ਆਈ ? (ਇਸਤਰੀ-ਲਿੰਗ) |
| ਟਿਕਟ | ਕਿਰਪਾ ਕਰਕੇ ਮੇਰਾ **ਟਿਕਟ** ਵੀ ਲੈਣਾ । (ਪੁਲਿੰਗ) |
| | ਕਿਰਪਾ ਕਰਕੇ ਮੇਰੀ **ਟਿਕਟ** ਵੀ ਲੈਣੀ। (ਇਸਤਰੀ-ਲਿੰਗ) |
| ਸਾਈਕਲ | ਮੇਰਾ **ਸਾਈਕਲ** ਦੋ ਸਾਲ ਪੁਰਾਣਾ ਹੈ । (ਪੁਲਿੰਗ) |
| | ਮੇਰੀ **ਸਾਈਕਲ** ਦੋ ਸਾਲ ਪੁਰਾਣੀ ਹੈ । (ਇਸਤਰੀ-ਲਿੰਗ) |
| ਥਾਂ | ਗਿਆਨ, ਤੂੰ ਆਪਣਾ ਬਸਤਾ ਅੱਗੇ ਕਰ, ਇਹ ਮੇਰਾ ਥਾਂ ਹੈ । (ਪੁਲਿੰਗ) |
| | ਗਿਆਨ, ਤੂੰ ਆਪਣਾ ਬਸਤਾ ਅੱਗੇ ਕਰ, ਇਹ ਮੇਰੀ ਥਾਂ ਹੈ । (ਇਸਤਰੀ-ਲਿੰਗ) |

ਕਈ ਸ਼ਬਦ ਜਿਵੇਂ 'ਮੰਗੇਤਰ' ਪ੍ਰਸੰਗ ਅਨੁਸਾਰ ਪੁਲਿੰਗ ਜਾਂ ਇਸਤਰੀ ਲਿੰਗ ਹੁੰਦੇ ਹਨ।

ਸ਼ਬਦਾਂ ਦੇ ਪੁਲਿੰਗ ਅਤੇ ਇਸਤਰੀ-ਲਿੰਗ ਰੂਪਾਂ ਨੂੰ ਸਮਝਣ ਲਈ ਹੇਠ ਲਿਖੇ ਨੁਕਤੇ ਵੀ ਮਹੱਤਵਪੂਰਨ ਹਨ :

ਮਨੁੱਖੀ ਸਮਾਜ ਲੰਮੇ ਸਮੇਂ ਤੱਕ ਪੁਰਖ ਪ੍ਰਧਾਨ ਰਿਹਾ ਹੈ । ਇਸ ਲਈ ਬਹੁਤੇ ਮਹੱਤਵਪੂਰਨ ਅਹੁਦਿਆਂ ਨੂੰ ਪੁਰਖ ਹੀ ਸੰਭਾਲ਼ਦਾ ਰਿਹਾ ਹੈ । ਨਤੀਜੇ ਵਜੋਂ ਇਹਨਾਂ ਅਹੁਦਿਆਂ ਦੇ ਨਾਂਵਾਂ ਲਈ ਵਰਤੇ ਜਾਂਦੇ ਸ਼ਬਦ ਪੁਲਿੰਗ ਹਨ, ਜਿਵੇਂ : ਰਾਸ਼ਟਰਪਤੀ ਵਜ਼ੀਰ (ਮੰਤਰੀ), ਪ੍ਰਧਾਨ, ਆਗੂ, ਨੇਤਾ, ਜ਼ੈਲਦਾਰ, ਨੰਬਰਦਾਰ, ਜਰਨੈਲ, ਕਪਤਾਨ, ਡਾਕਟਰ, ਵੈਦ, ਵਕੀਲ, ਕਮਿਸ਼ਨਰ, ਤਹਿਸੀਲਦਾਰ, ਜੱਜ, ਡ੍ਰਾਈਵਰ, ਦੁਕਾਨਦਾਰ, ਅਫ਼ਸਰ, ਸਕੱਤਰ, ਮੰਤਰੀ, ਕਲਰਕ, ਪਟਵਾਰੀ।

ਅਜੋਕੇ ਸਮੇਂ ਵਿੱਚ ਇਹਨਾਂ ਵਿੱਚੋਂ ਕਈਆਂ ਪਦਾਂ ਉੱਤੇ ਇਸਤਰੀਆਂ ਵੀ ਕੰਮ ਕਰਨ ਲੱਗ ਪਈਆਂ ਹਨ ਪਰ ਇਹਨਾਂ ਲਈ ਵੀ ਪੁਲਿੰਗ ਸ਼ਬਦ ਦੀ ਵਰਤੋਂ ਹੀ ਹੁੰਦੀ ਹੈ।

Scanned with CamScanner

ਵੱਧ ਤੋਂ ਵੱਧ, ਇਹਨਾਂ ਪੁਲਿੰਗ ਅਹੁਦਿਆਂ ਤੋਂ ਪਹਿਲਾਂ ਕਈ ਵਾਰੀ ਇਸਤਰੀ ਸ਼ਬਦ ਜੋੜ ਦਿੱਤਾ ਜਾਂਦਾ ਹੈ, ਜਿਵੇਂ :

| | | |
|---|---|---|
| ਡਾਕਟਰ | ਇਸਤਰੀ ਡਾਕਟਰ | (ਲੇਡੀ ਡਾਕਟਰ) |
| ਪ੍ਰਧਾਨ | ਇਸਤਰੀ ਪ੍ਰਧਾਨ | |

ਸਾਡੇ ਸਮਾਜ ਦੀ ਰਵਾਇਤ ਅਨੁਸਾਰ ਜੋ ਪਦ ਪਤੀ ਦਾ ਹੁੰਦਾ ਹੈ ਉਸ ਪਦ ਦਾ ਇਸਤਰੀ-ਲਿੰਗ ਰੂਪ ਉਸ ਦੀ ਪਤਨੀ ਲਈ ਪ੍ਰਯੋਗ ਹੁੰਦਾ ਹੈ । ਉਦਾਹਰਨ ਦੇ ਤੌਰ 'ਤੇ ਤਹਿਸੀਲਦਾਰ ਦੇ ਪਦ ਉੱਤੇ ਭਾਵੇਂ ਪੁਰਖ ਕੰਮ ਕਰੇ ਜਾਂ ਇਸਤਰੀ ਉਸ ਨੂੰ ਤਹਿਸੀਲਦਾਰ ਹੀ ਕਿਹਾ ਜਾਂਦਾ ਹੈ। ਪਰੰਤੂ ਤਹਿਸੀਲਦਾਰ ਪੁਰਖ ਹੋਣ ਦੀ ਹਾਲਤ ਵਿੱਚ ਉਸ ਦੀ ਪਤਨੀ ਲਈ ਇਸਤਰੀ-ਲਿੰਗ ਸ਼ਬਦ ਤਹਿਸੀਲਦਾਰਨੀ ਵਰਤਿਆ ਜਾਂਦਾ ਹੈ ।

ਸਮਾਜ ਦੇ ਜਿਹੜੇ ਖੇਤਰ ਵਿੱਚ ਇਸਤਰੀਆਂ ਕੰਮ ਕਰਦੀਆਂ ਰਹੀਆਂ ਹਨ, ਉਸ ਖੇਤਰ ਦੇ ਪਦਾਂ ਦੇ ਨਾਂ ਇਸਤਰੀ-ਲਿੰਗ ਸ਼ਬਦ ਹਨ, ਜਿਵੇਂ : ਨਰਸ, ਦਾਈ । ਭਾਵੇਂ ਆਮ ਤੌਰ 'ਤੇ ਇਸਤਰੀਆਂ ਹੀ ਨਰਸ ਹੁੰਦੀਆਂ ਹਨ, ਪਰ ਅੱਜ-ਕੱਲ੍ਹ ਪੁਰਖ ਵੀ ਨਰਸ ਦਾ ਕੰਮ ਕਰਦੇ ਹਨ । ਵੱਧ ਤੋਂ ਵੱਧ ਉਹਨਾਂ ਦੇ ਅੱਗੇ ਪੁਰਖ ਜੋੜ ਕੇ ਉਹਨਾਂ ਨੂੰ ਪੁਰਖ ਨਰਸ (ਮੇਲ ਨਰਸ) ਕਰਕੇ ਸੱਦਿਆ ਜਾਂਦਾ ਹੈ ।

ਕਈਆਂ ਵਸਤਾਂ ਜਾਂ ਭਾਵਾਂ ਲਈ ਵੱਖ-ਵੱਖ ਸੋਮਿਆਂ (ਭਾਸ਼ਾਵਾਂ) ਤੋਂ ਆਏ ਇੱਕ ਤੋਂ ਵੱਧ ਸ਼ਬਦ ਪੰਜਾਬੀ ਵਿੱਚ ਪ੍ਰਚਲਿਤ ਹਨ । ਇਹਨਾਂ ਵਿੱਚੋਂ ਕੋਈ ਸ਼ਬਦ ਪੁਲਿੰਗ ਹੈ, ਕੋਈ ਇਸਤਰੀ-ਲਿੰਗ, ਜਿਵੇਂ :

| **ਪੁਲਿੰਗ** | **ਇਸਤਰੀ-ਲਿੰਗ** |
|---|---|
| ਜਤਨ | ਕੋਸ਼ਸ਼ |
| ਨੇਤਰ | ਅੱਖ |
| ਲੱਕ | ਕਮਰ |

ਜਿਹੜੇ ਕੀਟਾਂ, ਪੰਛੀਆਂ ਜਾਂ ਜਾਨਵਰਾਂ ਦੇ ਨਰ ਮਾਦਾ ਹੋਣ ਦੀ ਪਛਾਣ ਆਮ ਮਨੁੱਖ ਨਹੀਂ ਕਰ ਸਕਦਾ, ਉਹਨਾਂ ਲਈ ਵਰਤੇ ਜਾਂਦੇ ਸ਼ਬਦਾਂ ਦਾ ਕੇਵਲ ਪੁਲਿੰਗ ਰੂਪ ਜਾਂ ਇਸਤਰੀ-ਲਿੰਗ ਰੂਪ ਹੀ ਵਰਤਿਆ ਜਾਂਦਾ ਹੈ। ਅਜਿਹੇ ਕਿਸੇ ਕੀਟ, ਪੰਛੀ ਜਾਂ ਜਾਨਵਰ ਲਈ ਲਿੰਗ ਦੇ ਕਿਹੜੇ ਰੂਪ ਵਾਲ਼ੇ ਸ਼ਬਦ ਦੀ ਵਰਤੋਂ ਕੀਤੀ ਜਾਵੇਗੀ, ਇਹ ਸਮਾਜ ਵਿੱਚ ਪ੍ਰਚਲਿਤ ਵਰਤੋਂ ਉੱਤੇ ਆਧਾਰਿਤ ਹੈ । ਇਹਨਾਂ ਦਾ ਲਿੰਗ ਨਿਸਚਿਤ ਕਰਨ ਦਾ ਕੋਈ ਬੱਝਵਾਂ ਨਿਯਮ ਨਹੀਂ ਹੈ। ਜਿਵੇਂ ਕਿਸੇ ਸਮੇਂ ਪ੍ਰਚਲਿਤ ਹੋ ਗਿਆ ਉਹੋ ਲਿੰਗ ਮੰਨ ਲਿਆ ਗਿਆ । ਕੁਝ ਉਦਾਹਰਨਾਂ ਵੇਖ ਲਈਆਂ ਜਾਣ :



| ਪੁਲਿੰਗ | ਇਸਤਰੀ-ਲਿੰਗ |
|---|---|
| — | ਜੂੰ |
| ਖਟਮਲ | — |
| — | ਮੱਖੀ |
| — | ਜੋਕ |
| — | ਕੋਇਲ |
| ਬਗਲਾ | — |
| — | ਇੱਲ੍ਹ |
| ਬਾਜ | — |
| ਬਟੇਰਾ | — |
| — | ਬਤਕ |
| — | ਗੁਟਾਰ |
| — | ਘੁੱਗੀ |
| ਗੈਂਡਾ | — |
| ਸਹਿਆ | — |
| — | ਗੋਹ |
| — | ਸੇਹ |
| — | ਸਰਾਲ਼ |

ਕਈ ਵਾਰੀ ਇੱਕ ਹੀ ਵਸਤੂ ਲਈ ਦੋ ਵੱਖਰੇ-ਵੱਖਰੇ ਸ਼ਬਦ ਥੋੜ੍ਹੇ ਜਿਹੇ ਫ਼ਰਕ ਨਾਲ਼ ਵਰਤੇ ਜਾਂਦੇ ਹਨ। ਇਸ ਫ਼ਰਕ ਕਾਰਨ ਹੀ ਉਹਨਾਂ ਸ਼ਬਦਾਂ ਦਾ ਲਿੰਗ ਰੂਪ ਬਦਲ ਜਾਂਦਾ ਹੈ। ਉਦਾਹਰਨ ਲਈ ਰੇਤ ਅਤੇ ਰੇਤਾ ਇੱਕੋ ਵਸਤੂ ਲਈ ਵਰਤੇ ਜਾਂਦੇ ਹਨ । ਇਹਨਾਂ ਵਿੱਚ ਰੇਤ ਇਸਤਰੀ-ਲਿੰਗ ਸ਼ਬਦ ਹੈ ਅਤੇ ਰੇਤਾ ਪੁਲਿੰਗ ।

**ਲਿੰਗ ਦਾ ਨਾਂਵ, ਵਿਸ਼ੇਸ਼ਣ ਅਤੇ ਕਿਰਿਆ ਉੱਤੇ ਪ੍ਰਭਾਵ :**

ਲਿੰਗ ਦਾ ਵਾਕ ਵਿੱਚ ਨਾਂਵ, ਵਿਸ਼ੇਸ਼ਣ ਅਤੇ ਕਿਰਿਆ ਸ਼ਬਦਾਂ ਉੱਤੇ ਪ੍ਰਭਾਵ ਪੈਂਦਾ ਹੈ। ਉਦਾਹਰਨ ਲਈ ਹੇਠ ਲਿਖੇ ਵਾਕਾਂ ਵਿੱਚ ਲਕੀਰੇ ਸ਼ਬਦ ਵੇਖੋ :

ਚੰਗੇ ਵਿਦਿਆਰਥੀ ਲਗਨ ਨਾਲ਼ ਪੜ੍ਹਦੇ ਹਨ ।

ਚੰਗੀਆਂ ਵਿਦਿਆਰਥਣਾਂ ਲਗਨ ਨਾਲ਼ ਪੜ੍ਹਦੀਆਂ ਹਨ ।

ਕਾਲ਼ਾ ਕੁੱਤਾ ਤੇਜ਼ ਦੌੜੇਗਾ ।

Scanned with CamScanner

ਕਾਲ਼ੀ ਕੁੱਤੀ ਤੇਜ਼ ਦੌੜੇਗੀ ।

ਪਹਿਲੇ ਵਾਕ ਵਿੱਚ 'ਵਿਦਿਆਰਥੀ' ਪੁਲਿੰਗ ਬਹੁ ਵਚਨ ਸ਼ਬਦ ਹੈ । ਦੂਜੇ ਵਾਕ ਇਸ ਸ਼ਬਦ ਦਾ ਇਸਤਰੀ-ਲਿੰਗ 'ਵਿਦਿਆਰਥਣ' ਆਇਆ ਹੈ ਨਾਂਵ ਸ਼ਬਦ ਵਿੱਚ ਇਸ ਤਬਦੀਲੀ ਨਾਲ਼ ਵਾਕ ਵਿੱਚ ਵਿਸ਼ੇਸ਼ਣ (ਚੰਗੇ ਤੋਂ ਚੰਗੀਆਂ) ਅਤੇ ਕਿਰਿਆ (ਪੜ੍ਹਦੇ ਪੜ੍ਹਦੀਆਂ) ਵਿੱਚ ਵੀ ਤਬਦੀਲੀ ਆਈ ਹੈ । ਇਸੇ ਪ੍ਰਕਾਰ ਦੀ ਤਬਦੀਲੀ ਤੀਜੇ ਤੇ ਚੌਥੇ ਵਾ ਲਕੀਰੇ ਸ਼ਬਦਾਂ ਵਿੱਚ ਆਈ ਹੈ ।

## ਅਭਿਆਸ

1. ਵਿਆਕਰਨ ਵਿੱਚ ਲਿੰਗ ਕਿਸਨੂੰ ਕਹਿੰਦੇ ਹਨ ?
2. ਜਿਹੜੇ ਪੁਲਿੰਗ ਸ਼ਬਦ ਦੇ ਅੰਤ ਵਿੱਚ ਮੁਕਤਾ ਅੱਖਰ ਹੁੰਦਾ ਹੈ ਉਸ ਸ਼ਬਦ ਦਾ ਇਸਤ ਲਿੰਗ ਰੂਪ ਕਿਵੇਂ ਬਣਦਾ ਹੈ ? ਉਦਾਹਰਨਾਂ ਸਹਿਤ ਦੱਸੋ ।
3. ਜਿਹੜੇ ਪੁਲਿੰਗ ਸ਼ਬਦ ਦੇ ਅੰਤ ਵਿੱਚ ਬਿਹਾਰੀ ਆਉਂਦੀ ਹੈ ਉਸ ਦਾ ਇਸਤਰੀ-ਲਿ ਰੂਪ ਕਿਵੇਂ ਬਣਦਾ ਹੈ ? ਉਦਾਹਰਨਾਂ ਸਹਿਤ ਦੱਸੋ ।
4. ਹੇਠ ਲਿਖੇ ਸ਼ਬਦਾਂ ਦਾ ਇਸਤਰੀ-ਲਿੰਗ ਰੂਪ ਦੱਸੋ । ਨਾਲ਼ ਹੀ ਉਹ ਨਿਯਮ ਵੀ ਜਿਨ੍ਹਾਂ ਅਨੁਸਾਰ ਇਹਨਾਂ ਸ਼ਬਦਾਂ ਦੇ ਪੁਲਿੰਗ ਰੂਪ ਤੋਂ ਇਸਤਰੀ-ਲਿੰਗ ਰੂਪ ਬ ਹਨ : ਸਪੇਰਾ, ਦੁਆਬੀਆ ।
5. ਮਨੁੱਖੀ ਸੰਬੰਧਾਂ ਲਈ ਵਰਤੇ ਜਾਣ ਵਾਲ਼ੇ ਕੋਈ ਪੰਜ ਪੁਲਿੰਗ ਸ਼ਬਦ ਚੁਣ ਕੇ ਉਹਨਾ ਇਸਤਰੀ-ਲਿੰਗ ਦੱਸੋ ।
6. ਪੰਜਾਬੀ ਵਿੱਚ ਬਹੁਤ ਸਾਰੀਆਂ ਵਸਤੂਆਂ ਦੇ ਵੱਡੇ-ਛੋਟੇ ਆਕਾਰ ਅਨੁਸਾਰ ਪੁਲਿੰ ਇਸਤਰੀ-ਲਿੰਗ ਰੂਪ ਹੁੰਦੇ ਹਨ । ਅਜਿਹੀਆਂ ਦਸ ਉਦਾਹਰਨਾਂ ਦਿਓ ।
7. ਕੁਝ ਅਜਿਹੇ ਸ਼ਬਦ ਹਨ ਜਿਹੜੇ ਇੱਕ ਅਰਥ ਵਿੱਚ ਪੁਲਿੰਗ ਅਤੇ ਕਿਸੇ ਹੋਰ ਅ ਵਿੱਚ ਇਸਤਰੀ-ਲਿੰਗ ਹੁੰਦੇ ਹਨ । ਅਜਿਹੇ ਸ਼ਬਦਾਂ ਦੀਆਂ ਦੋ ਉਦਾਹਰਨਾਂ ਦਿਓ
8. ਅਜਿਹੇ ਚਾਰ ਸ਼ਬਦ ਦੱਸੋ ਜਿਨ੍ਹਾਂ ਨੂੰ ਕੁਝ ਲੋਕ ਪੁਲਿੰਗ ਸਮਝਦੇ ਹਨ ਕੁਝ ਇਸਤਰੀ-ਲਿੰਗ ।
9. ਹੇਠ ਲਿਖੇ ਸ਼ਬਦਾਂ ਦਾ ਪੁਲਿੰਗ-ਰੂਪ ਦੱਸੋ :
   ਵਿਦਿਆਰਥਣ, ਅਧਿਆਪਕਾ, ਘੜਾ, ਮੁਟਿਆਰ, ਪਤੀਹਸ, ਦੁਆਬਣ, ਰਾਗਣ
10. ਹੇਠ ਲਿਖੇ ਵਾਕ ਵਿੱਚ ਨਾਂਵ ਸ਼ਬਦ ਦਾ ਲਿੰਗ ਬਦਲ ਕੇ ਹੋਰ ਲੋੜੀਂਦੀਆਂ ਤਬਦੀਲੀ ਸਮੇਤ ਵਾਕ ਨੂੰ ਮੁੜ ਲਿਖੋ :
    ਛੋਟੀਆਂ ਕੁੜੀਆਂ ਖੇਡਦੀਆਂ ਹਨ ।

Scanned with CamScanner